# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 29 ਅਪ੍ਰੈਲ 2024 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਦੂਜੀ ਪਾਰੀ ਦੀ ਤਿਆਰੀ 'ਚ ਹੈ ਉੱਘਾ ਕਲਾਕਾਰ, ਚਰਨਜੀਚ ਸਲੀਣਾ : ਜਸਵੀਰ ਸਿੰਘ ਭਲੂਰੀਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 29 ਅਪ੍ਰੈਲ : ਮੋਗਾ-ਫਿਰੋਜਪੁਰ ਜੀ.ਟੀ. ਰੋਡ ਨੇੜੇ ਪੈਂਦਾ ਪਿੰਡ ਸਲੀਣਾ ਓਦੋਂ ਸੁਰਖੀਆਂ 'ਚ ਆਇਆ ਜਦੋਂ ਇਸ ਪਿੰਡ ਦਾ ਜੰਮਪਲ ਖੂਬਸੂਰਤ ਕੁੰਢੀਆਂ ਮੁੱਛਾਂ ਵਾਲਾ ਗੱਭਰੂ ਚਰਨਜੀਤ ਸਲੀਣਾ ਆਪਣੀ ਬੁਲੰਦ ਅਵਾਜ ਅਤੇ ਸੱਭਿਆਚਾਰਕ ਗੀਤਾਂ ਰਾਹੀਂ ਪਿੰਡਾਂ ਵਿੱਚ ਪੰਜਾਬੀ ਸੱਭਿਆਚਾਰ ਦੀ ਖੁਸਬੂ ਖਿਲਾਰਨ ਲੱਗਾ। ਚਾਰ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟਾ ਹੋਣ ਕਰਕੇ ਪਿਤਾ ਬੰਤ ਸਿੰਘ ਅਤੇ ਮਾਤਾ ਗੁਰਦੇਵ ਕੌਰ ਦਾ ਤਾਂ ਲਾਡਲਾ ਪੁੱਤ ਹੈ ਹੀ ਸੀ ਪਰ ਦੋ ਭਰਾਵਾਂ ਅਤੇ ਭੈਣ ਦਾ ਵੀ ਲਾਡਲਾ ਵੀਰ ਹੈ। ਚਰਨਜੀਤ ਦੇ ਵੱਡੇ ਭਾਈ ਅਜਮੇਰ ਸਿੰਘ ਨੇ ਸੌਕੀਆ ਗਾਉਣ ਲਈ ਘਰ 'ਚ ਤੂੰਬੀ ਰੱਖੀ ਹੋਈ ਸੀ। ਉਸ ਤੂੰਬੀ ਦੀ ਟੁਣਕਾਰ ਨੇ ਹੀ ਚਰਨਜੀਤ ਨੂੰ ਵੀ ਗੁਣਗਣਾਉਣ ਲਾ ਦਿੱਤਾ। ਚਰਨਜੀਤ ਨੇ ਪੰਜ ਜਮਾਤਾਂ ਪਿੰਡ ਦੇ ਸਕੂਲ 'ਚੋ ਪਾਸ ਕੀਤੀਆਂ। ਮੈਟ੍ਰਿਕ ਡਰੋਲੀ ਭਾਈ ਤੋਂ ਅਤੇ ਹਾਇਰ ਸੈਕੰਡਰੀ ਤਲਵੰਡੀ ਭਾਈ ਤੋਂ ਕੀਤੀ। ਗੁਰੂ ਨਾਨਕ ਕਾਲਜ ਮੋਗਾ ਤੋਂ ਬੀ.ਏ. ਅਤੇ ਡੀ.ਏ.ਵੀ. ਕਾਲਜ ਮੋਗਾ ਤੋਂ ਹੀ ਬੀ.ਐੱਡ. ਕਰਕੇ 1990 'ਚ ਸਰਕਾਰੀ ਅਧਿਆਪਕ ਤੋਂ ਸ਼ੁਰੂ ਹੋ ਕੇ ਲੈਕਚਰਾਰ ਤੱਕ ਪਹੁੰਚਿਆ। ਵਿਦਿਆ ਪ੍ਰਾਪਤੀ ਦੇ ਨਾਲ ਨਾਲ ਚਰਨਜੀਤ ਨੇ ਬਾਲ ਸਭਾਵਾਂ 'ਚ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਅਤੇ ਬਾਅਦ 'ਚ ਕਈ ਸਾਹਿਤ ਸਭਾਵਾਂ ਨਾਲ ਵੀ ਜੁੜ ਗਿਆ। ਮੋਗੇ ਕਾਲਜ ਪਹੁੰਚ ਕੇ ਉਸਤਾਦ ਰਣਜੀਤ ਮਾਲਵਾ ਜੀ ਦੀ ਛਤਰ ਛਾਇਆ ਹੇਠ ਜਿੱਥੇ ਬਤੌਰ ਗਾਇਕ ਯੁਥ ਫੈਸਟੀਵਲਾਂ 'ਚ ਹਿੱਸਾ ਲਿਆ ਅਤੇ ਖੂਬ ਇਨਾਮ ਜਿੱਤੇ ਉੱਥੇ ਉਸਤਾਦ ਜਸਵਿੰਦਰ ਜੱਗੀ ਅਤੇ ਮੇਜਰ ਸਿੰਘ ਢੋਲੀ ਤੋਂ ਤੋਂ ਭੰਗੜੇ ਦੇ ਗੁਰ ਸਿੱਖਣੇ ਵੀ ਸ਼ੁਰੂ ਕਰ ਦਿੱਤੇ ਪਰ ਚਰਨਜੀਤ ਦੀ ਸੁਰੀਲੀ ਅਤੇ ਬੁਲੰਦ ਅਵਾਜ ਤੋਂ ਪ੍ਰਭਾਵਿਤ ਹੋ ਕੇ ਉਸਤਾਦ ਜੱਗੀ ਜੀ ਨੇ ਉਸ ਦੀ ਡਿਊਟੀ ਬੋਲੀਆਂ ਪਾਉਣ 'ਤੇ ਲਾ ਦਿੱਤੀ। ਬਤੌਰ ਅਧਿਆਪਕ ਇੱਕ ਪਾਸੇ ਚਰਨਜੀਤ ਵਿਦਿਆ ਦੇ ਚਾਨਣ ਦਾ ਛਿੱਟਾ ਦਿੰਦਾ ਰਿਹਾ ਅਤੇ ਦੂਜੇ ਪਾਸੇ ਆਪਣੀ ਮਿਹਨਤ ਨਾਲ ਆਪਣੀ ਕਲਾ ਨੂੰ ਵੀ ਨਿਖਾਰਦਾ ਰਿਹਾ। ਇੱਕ ਸਧਾਰਨ ਪ੍ਰੀਵਾਰ 'ਚੋਂ ਉੱਠ ਕੇ ਉਹ ਆਪਣੀ ਮਿਹਨਤ ਅਤੇ ਕਲਾ ਦੇ ਸਿਰ ਤੇ ਯੂਨੀਵਰਸਿਟੀ ਦੇ ਯੂਥ ਫੈਸਟੀਵਲਾਂ ਦੇ ਮੁਕਾਬਲਿਆਂ ਦੀ ਜੱਜਮਿੰਟ ਅਤੇ ਦਿੱਲੀ ਦੇ ਅੰਤਰਰਾਸ਼ਟਰੀ ਸਮਾਗਮਾਂ ਤੱਕ ਪਹੁੰਚਿਆ। ਉਹ 1989 'ਚ 14 ਵੀਂ ਸਾਈਕਲਿੰਗ ਏਸੀਅਨ ਚੈਂਪੀਅਨ, ਜੋ ਇੰਦਰਾ ਗਾਂਧੀ ਸਟੇਡੀਅਮ ਦਿੱਲੀ 'ਚ ਹੋਈ, ਦੇ ਉਦਘਾਟਨੀ ਸਮਾਰੋਹ ਤੇ ਪੰਜਾਬ ਦੀ ਭੰਗੜਾ ਟੀਮ ਨਾਲ ਬਤੌਰ ਗਾਇਕ ਸਾਮਲ ਹੋਇਆ। ਜਨਵਰੀ 1991 ਚੰਡੀਗੜ ਦੇ ਟੈਗੋਰ ਥੀਏਟਰ ਵਿਖੇ ਹੋਏ ਭੰਗੜਾ ਮੁਕਾਬਲਿਆਂ ਵਿੱਚੋਂ ਫਿਲਮੀ ਨਿਰਮਾਤਾ ਭਾਗ ਸਿੰਘ ਨੇ ਉਸ ਨੂੰ 'ਬਿਸਟ ਪਲੇਅ ਬੈਕ ਸਿੰਗਰ' ਦਾ ਖਿਤਾਬ ਦਿੱਤਾ, 1994 ਵਿੱਚ ਪੂਨਾ ਵਿਖੇ ਨੈਸਨਲ ਖੇਡਾਂ ਦੇ ਉਦਘਾਟਨ ਸਮੇਂ ਅਤੇ ਇਨਾਮ ਵੰਡ ਸਮਾਗਮ ਸਮੇਂ ਉਸ ਨੇ ਬਤੌਰ ਗਾਇਕ ਪੰਜਾਬ ਦੀ ਭੰਗੜਾ ਟੀਮ 'ਚ ਆਪਣੀ ਕਲਾ ਦੇ ਜੌਹਰ ਦਿਖਾਏ, 1996 'ਚ ਦੁਨੀਆਂ ਭਰ ਵਿੱਚ ਮਸਹੂਰ ਕੁੱਲੂ ਦੇ ਦੁਸਹਿਰੇ ਸਮੇਂ ਉਸ ਵੇਲੇ ਦੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਡਾਇਰੈਕਟਰ ਕੈਪਟਨ ਨਰਿੰਦਰ ਸਿੰਘ ਨੇ ਉਸ ਦੀ ਕਲਾ ਦੀ ਕਦਰ ਕਰਦਿਆਂ ਭੰਗੜਾ ਟੀਮ 'ਚ ਸ਼ਾਮਲ ਕੀਤਾ ਅਤੇ ਟੀਮ ਨੇ ਬੱਲੇ ਬੱਲੇ ਕਰਵਾਈ। ਇਸ ਦੇ ਨਾਲ ਨਾਲ ਹੀ ਉਹ ਸਮੇਂ ਸਮੇਂ ਤੇ ਭੰਗੜਾ, ਲੋਕ ਗੀਤ, ਗਰੁੱਪ ਡਾਂਸ ਦੀਆਂ ਟੀਮਾਂ ਦੀ ਤਿਆਰੀ ਵੀ ਕਰਵਾਉਂਦਾ ਰਿਹਾ। ਮੋਗਾ ਜਿਲੇ ਦੇ 26 ਜਨਵਰੀ ਅਤੇ 15 ਅਗਸਤ ਦੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਤਿਆਰੀ ਲਗਭਗ 20 ਸਾਲ ਕਰਵਾਈ ਅਤੇ ਉਸ ਦੀਆਂ ਟੀਮਾਂ ਨੇ ਖੂਬ ਪ੍ਰਸੰਸਾ ਖੱਟੀ। ਚਰਨਜੀਤ ਸਲੀਣਾ ਦੇ ਜੱਦੀ ਪਿੰਡ ਸਲੀਣਾ ਦੀ ਟੀਮ ਦੋ ਵਾਰ ਨੈਸਨਲ ਪੱਧਰ ਤੱਕ ਪਹੁੰਚੀ। ਇਸ ਤੋਂ ਇਲਾਵਾ 1995 'ਚ ਪਹਿਲੀ ਟੇਪ ਉੱਘੇ ਗੀਤਕਾਰ ਧਰਮ ਕੰਮੇਆਣਾ ਦੀ ਅਗਵਾਈ ਵਿੱਚ 'ਮੁੰਡਾ ਨੌਂ-ਦੋ-ਗਿਆਰਾਂ' ਆਈ। ਫਿਰ 2005 'ਚ ਉੱਘੇ ਸਾਹਿਤਕਾਰ/ਵਿਦਵਾਨ ਡਾ: ਨਿਰਮਲ ਜੌੜਾ ਦੀ ਦੇਖ-ਰੇਖ ਹੇਠ ਤਿਆਰ ਹੋਈ 'ਮੈਂ ਜਾਦੂ ਕਰਦੂੰਗੀ' ਟੇਪ ਓਦੋਂ ਦੀ ਮਸਹੂਰ ਕੈਸਿਟ ਕੰਪਨੀ ਪੈਰੀਟੋਨ ਨੇ ਪੇਸ ਕੀਤੀ। ਇਨਾਂ ਟੇਪਾਂ ਨੇ ਚਰਨਜੀਤ ਦੀ ਬੁਲੰਦ ਅਵਾਜ ਅਤੇ ਸੱਭਿਆਚਾਰਕ ਗਾਇਕੀ ਨੂੰ ਘਰ-ਘਰ ਪਹੁੰਚਾਇਆ ਤਾਂ ਚਰਨਜੀਤ ਲਈ ਪ੍ਰੋਗਰਾਮਾਂ ਦਾ ਰਾਹ ਖੁੱਲ ਗਿਆ ਅਤੇ ਖੂਬ ਪ੍ਰੋਗਰਾਮ ਕੀਤੇ। ਸਿੰਗਲ ਟਰੈਕ ਦੇ ਦੌਰ ਵਿੱਚ ਬਹੁਤ ਸਾਰੇ ਗੀਤ ਦੂਰਦਰਸਨ ਜਲੰਧਰ ਤੇ ਖੂਬ ਚੱਲੇ ਅਤੇ ਨਾਲ ਨਾਲ ਆਲ ਇੰਡੀਆ ਰੇਡੀਓ 'ਤੇ ਵੀ ਹਾਜਰੀ ਲੱਗਦੀ ਰਹੀ। ਗਾਇਕੀ ਅਤੇ ਭੰਗੜੇ ਦੀ ਕਲਾ ਨੇ ਹੀ ਚਰਨਜੀਤ ਨੂੰ 2014 ਵਿੱਚ ਕੈਨੇਡਾ ਦਾ ਦੌਰਾ ਕਰਵਾਇਆ। ਜਿਸ ਵਿੱਚ ਬਲਜਿੰਦਰ ਸੇਖਾ ਦਾ ਵਿਸੇਸ ਯੋਗਦਾਨ ਰਿਹਾ ਅਤੇ ਪ੍ਰੋਗਰਾਮਾਂ ਤੇ ਮੰਚ ਸੰਚਾਲਕ ਦੀ ਡਿਊਟੀ ਵੀ ਬਲਜਿੰਦਰ ਸੇਖਾ ਨੇ ਨਿਭਾਈ। ਚਰਨਜੀਤ ਸਲੀਣਾ ਦਾ ਪਹਿਲਾ ਹੀ ਟੂਰ ਪੂਰਾ ਸਫਲ ਰਿਹਾ। ਗੀਤਾਂ ਦੀ ਗੱਲ ਚੱਲੀ ਤਾਂ ਉਸ ਨੇ ਦੱਸਿਆ ਕਿ ਮੈਂ ਧਰਮ ਕੰਮੇਆਣਾ, ਅਮਰੀਕ ਸਿੰਘ ਤਲਵੰਡੀ, ਅਮਰਜੀਤ ਘੋਲੀਆ, ਗੋਲੂ ਕਾਲੇਕੇ, ਬਹਾਦਰ ਡਾਲਵੀ, ਜੀਤ ਕੋਟਲੇ ਵਾਲਾ, ਸੁਖਦੇਵ ਬੱਬੀ, ਹਰਚਰਨ ਸਿੰਘ ਸੰਧੂ, ਜੀਤ ਡਰੋਲੀ ਵਾਲਾ, ਦੀਪ ਦਾਖਿਆਂ ਵਾਲਾ, ਨੇਕ ਕੋਟਲੇ ਵਾਲਾ, ਬਲਦੇਵ ਭੱਟੀ ਅਤੇ ਕਈ ਹੋਰ ਗੀਤਕਾਰਾਂ ਦੇ ਗੀਤ ਗਾਏ ਹਨ। ਅੱਜ ਕੱਲ ਚਰਨਜੀਤ ਸਲੀਣਾ ਆਪਣੇ ਬੱਚਿਆਂ ਕੋਲ ਸਰੀ (ਕੈਨੇਡਾ) 'ਚ ਸੁੱਖ ਭਰੀ ਜੀਂਦਗੀ ਨੂੰ ਮਾਣ ਰਿਹਾ ਹੈ। ਸਲੀਣਾ ਨੇ ਕਿਹਾ ਕਿ ਮੇਰੀਆਂ ਪ੍ਰਾਪਤੀਆਂ ਪਿੱਛੇ ਪੂਰੇ ਪ੍ਰੀਵਾਰ ਸਮੇਤ ਮੇਰੀ ਜੀਨਵ ਸਾਥਣ ਸਰਬਜੀਤ ਕੌਰ ਦਾ ਵਿਸੇਸ ਯੋਗਦਾਨ ਹੈ। ਚਰਨਜੀਤ ਅੰਦਰ ਗਾਇਕੀ ਦੀ ਕਲਾ ਅਜੇ ਵੀ ਉਬਾਲੇ ਮਾਰ ਰਹੀ ਹੈ। ਇਸ ਲਈ ਹੁਣ ਕਬੀਲਦਾਰੀ ਤੋਂ ਸੁਰਖਰੂ ਹੋ ਕੇ ਉਹ ਜਸਵੀਰ ਭਲੂਰੀਆ, ਜਸਵਿੰਦਰ ਰੱਤੀਆਂ, ਜਗਵਿੰਦਰ ਸਰਾਂ ਆਦਿ ਗੀਤਕਾਰਾਂ ਦੇ ਗੀਤਾਂ ਰਾਹੀਂ ਦੂਜੀ ਪਾਰੀ ਸੁਰੂ ਕਰਨ ਦੀ ਤਿਆਰੀ ਵਿੱਚ ਹੈ। ਅਸੀਂ ਦੁਆ ਕਰਦੇ ਹਾਂ ਕਿ ਉਸ ਦੀ ਮਿਹਨਤ ਨੂੰ ਭਰਪੂਰ ਬੂਰ ਪਵੇ।

## 'ਆਕਸਫੋਰਡ ਦੇ ਵਿਹੜੇ 'ਚ ਧੂਮਧਾਮਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ 'ਵਿਸ਼ਵ ਡਾਂਸ ਦਿਵਸ'

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ/ਬਰਗਾੜੀ, 29 ਅਪ੍ਰੈਲ : 'ਦਾ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ' ਇੱਕ ਅਜਿਹੀ ਵਿੱਦਿਅਕ ਸੰਸਥਾ ਹੈ ਜੋ ਕਿ ਵਿਦਿਆਰਥੀਆਂ ਦੇ ਵਿੱਦਿਅਕ ਪੱਖ ਵੱਲ ਹੀ ਨਹੀਂ ਬਲਕਿ ਉਹਨਾਂ ਨਾਲ ਜੁੜੀਆਂ ਹਰ ਕਿਰਿਆਤਮਕ ਗਤੀਵਿਧੀਆਂ ਵੱਲ ਵੀ ਧਿਆਨ ਦਿੰਦੀ ਹੈ। ਇਸ ਸੰਸਥਾ ਵਿੱਚ ਉਹ ਹਰ ਦਿਵਸ ਮਨਾਇਆ ਜਾਂਦਾ ਹੈ ਜੋ ਵਿਦਿਆਰਥੀਆਂ ਦੀਆਂ ਕਿਰਿਆਤਮਕ ਰੁਚੀਆਂ ਨੂੰ ਵੀ ਉਜਾਗਰ ਕਰ ਸਕਦਾ ਹੋਵੇ। ਇਸ ਸੰਸਥਾ ਵਿੱਚ




"ਵਿਸ਼ਵ ਡਾਂਸ ਦਿਵਸ (ਵਰਲਡ ਡਾਂਸ ਡੇਅ) ਨੂੰ ਵੀ ਵਿਸ਼ੇਸ ਤੌਰ ਤੇ ਮਨਾਇਆ ਗਿਆ। ਸਵੇਰ ਦੀ ਸਭਾ ਦੌਰਾਨ ਹੀ ਸ਼ੁਰੂ ਹੋਏ ਇਸ ਪ੍ਰੋਗਰਾਮ ਦਾ ਆਰੰਭ "ਸ਼ਬਦ" ਗਾਇਨ ਨਾਲ ਹੋਇਆ। ਇਸ ਤੋਂ ਬਾਅਦ ਇੰਟਰ ਹਾਊਸ ਡਾਂਸ ਮੁਕਾਬਲੇ ਸ਼ੁਰੂ ਹੋਏ। ਇਸ ਸਮੇਂ ਬਲਿਊ ਹਾਊਸ ਵੱਲੋਂ 'ਘੁੰਮਰ ਡਾਂਸ', ਗ੍ਰੀਨ ਹਾਊਸ ਵੱਲੋਂ ਕਾਲਬੇਲੀਆ ਡਾਂਸ, ਰੈੱਡ ਹਾਊਸ ਵੱਲੋਂ ਗਰਬਾ ਡਾਂਸ, ਅਤੇ ਯੈਲੋ ਹਾਊਸ ਵੱਲੋਂ ਹਰਿਆਣਵੀ ਡਾਂਸ ਪੇਸ਼ ਕੀਤਾ ਗਿਆ। ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਵੀ ਦਿਲ ਖਿੱਚਵਾਂ ਡਾਂਸ ਪੇਸ਼ ਕੀਤਾ ਗਿਆ। ਇਹ ਪ੍ਰੋਗਰਾਮ ਉਦੋਂ ਸਿਖ਼ਰ 'ਤੇ ਪਹੁੰਚ ਗਿਆ ਜਦੋਂ ਅੱਠਵੀਂ ਤੋਂ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬ ਦਾ ਲੋਕ ਨਾਚ "ਭੰਗੜਾ" ਪੇਸ਼ ਕੀਤਾ ਗਿਆ। ਆਕਸਫੋਰਡ ਦੀਆਂ ਮੁਟਿਆਰਾਂ ਦੀ ਇਹ "ਭੰਗੜਾ" ਪੇਸ਼ਕਾਰੀ ਦੇਖਣੀ ਹੀ ਬਣਦੀ ਸੀ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਹਰ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਕਿਰਿਆਤਮਕ ਰੁਚੀ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ। ਜ਼ਿਕਰਯੋਗ ਹੈ ਕਿ ਜੱਜ ਕਮੇਟੀ ਦੀ ਭੂਮਿਕਾ ਸਕੂਲ ਦੇ ਕੁਆਰਡੀਨੇਟਰਜ਼ ਵੱਲੋਂ ਨਿਭਾਈ ਗਈ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿਘ ਗਿੱਲ ਸਰਪਚ (ਵਿੱਤ-ਸਕੱਤਰ) ਨੇ ਬੱਚਿਆਂ ਦੀ ਕਲਾ ਤੇ ਉਨਾਂ ਤਾਰੀਫ਼ ਕੀਤੀ ਤੇ ਇਸੇ ਤਰਾਂ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈਂਦੇ ਰਹਿਣ ਲਈ ਹੱਲਾਸ਼ੇਰੀ ਦਿੱਤੀ।

## ਗਲਤੀ ਨਾਲ ਸਰਹੱਦ ਪਾਰ ਕਰਕੇ ਆਏ ਨਾਬਾਲਗ ਬੱਚਿਆਂ ਨੂੰ ਪਾਕਿਸਤਾਨ ਵਾਪਸ ਭੇਜਿਆ ਗਿਆ- ਜ਼ਿਲ੍ਹਾ ਤੇ ਸੈਸ਼ਨ ਜੱਜ

### ਹਾਈ ਕੋਰਟ ਦੇ ਜੱਜ ਐਨ.ਐਸ. ਸ਼ੇਖਾਵਤ ਦੇ ਬਾਲ ਘਰ ਦੇ ਦੌਰੇ ਦੌਰਾਨ, ਬੱਚਿਆਂ ਨੇ ਉਨ੍ਹਾਂ ਨੂੰ ਰਿਹਾਈ ਦੀ ਕੀਤੀ ਸੀ ਅਪੀਲ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫ਼ਰੀਦਕੋਟ, 29 ਅਪ੍ਰੈਲ: ਸ਼੍ਰੀਮਤੀ ਨਵਜੋਤ ਕੌਰ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਰੀਦਕੋਟ ਨੇ ਦੱਸਿਆ ਕਿ ਕਰੀਬ 20 ਮਹੀਨੇ ਪਹਿਲਾਂ ਗਲਤੀ ਨਾਲ ਭਾਰਤ-ਪਾਕਿਸਤਾਨ ਸਰਹੱਦ ਪਾਰ ਕਰਕੇ ਆਏ ਦੋ ਪਾਕਿਸਤਾਨੀ ਨਾਬਾਲਗ ਬੱਚਿਆਂ ਨੂੰ ਆਖਰਕਾਰ ਉਨ੍ਹਾਂ ਦੇ ਵਤਨ ਵਾਪਸ ਭੇਜ ਦਿੱਤਾ ਗਿਆ, ਹਾਲਾਂਕਿ ਉਨ੍ਹਾਂ ਨੂੰ ਰਿਹਾਈ ਦੇ ਹੁਕਮ ਪਿਛਲੇ ਮਹੀਨੇ 28 ਮਾਰਚ ਨੂੰ ਆਏ ਸਨ ਅਤੇ ਬੱਚਿਆਂ ਨੂੰ ਪਾਕਿਸਤਾਨ ਨੂੰ ਸੌਂਪਣ ਲਈ ਅਟਾਰੀ ਸਰਹੱਦ ਪਹੁੰਚਾ ਦਿੱਤਾ ਗਿਆ ਸੀ, ਪਰ ਪਾਕਿਸਤਾਨ ਨੇ ਇਹ ਹੁਕਮ ਨਹੀਂ ਮੰਨਿਆ ਸੀ।




ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ 31 ਅਗਸਤ 2022 ਨੂੰ ਪਾਕਿਸਤਾਨ ਦੇ ਲਾਹੌਰ ਦੇ ਰਹਿਣ ਵਾਲੇ ਦੋ ਨਾਬਾਲਗ ਬੱਚੇ ਅਬਾਸ ਹਸਨ ਅਤੇ ਜਾਹਿਦ ਅੱਬਾਸ ਗਲਤੀ ਨਾਲ ਸਰਹੱਦ ਪਾਰ ਕਰਕੇ ਪੰਜਾਬ ਵਿਚ ਦਾਖਲ ਹੋ ਗਏ ਸਨ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਬਾਅਦ ਵਿਚ ਇਨ੍ਹਾਂ ਬੱਚਿਆਂ ਨੂੰ ਅਪ੍ਰੈਲ 2023 ਵਿਚ ਅਦਾਲਤ ਨੇ ਬਰੀ ਕਰ ਦਿੱਤਾ ਸੀ, ਬਰੀ ਹੋਣ ਉਪਰੰਤ ਦੋਨੋ ਬੱਚੇ ਆਪਣੀ ਰਿਹਾਈ ਦੀ ਉਡੀਕ ਕਰ ਰਹੇ ਸਨ।

ਉਨ੍ਹਾਂ ਦੱਸਿਆ ਕਿ ਇਸ ਦੌਰਾਨ ਕੁਝ ਮਹੀਨੇਂ ਪਹਿਲਾਂ ਜਦੋਂ ਓਨਰੇਬਲ ਮਿਸਟਰ ਜਸਟਿਸ ਐਨ.ਐਸ.ਸ਼ੇਖਾਵਤ ਜੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਨੇ ਫਰੀਦਕੋਟ ਦੇ ਬਾਲ ਘਰ ਦਾ ਦੌਰਾ ਕੀਤਾ ਤਾਂ ਸਰਹੱਦ ਪਾਰ ਕਰਕੇ ਆਏ ਦੋਨਾਂ ਬੱਚਿਆਂ ਨੇ ਉਨ੍ਹਾਂ ਨੂੰ ਆਪਣੀ ਰਿਹਾਈ ਦੀ ਅਪੀਲ ਕੀਤੀ। ਉਨ੍ਹਾਂ ਦੀ ਰਿਹਾਈ ਦੀਆਂ ਸਾਰੀਆਂ ਪ੍ਰਕਿਰਿਆਵਾਂ ਪੂਰੀਆਂ ਕਰਨ ਤੋਂ ਬਾਅਦ ਬੱਚਿਆਂ ਨੂੰ 28 ਮਾਰਚ ਨੂੰ ਅਟਾਰੀ ਸਰਹੱਦ ਤੇ ਪਾਕਿਸਤਾਨ ਡਿਪੋਰਟ ਕਰਨ ਲਈ ਭੇਜਿਆ ਗਿਆ ਸੀ, ਪਰ ਪਾਕਿਸਤਾਨ ਤੋਂ ਸਬੰਧਤ ਦਸਤਾਵੇਜਾਂ ਦੇ ਨਾ ਮਿਲਣ ਕਰਕੇ ਉਨ੍ਹਾਂ ਦੀ ਰਿਹਾਈ ਤੇ ਰੋਕ ਲਗਾ ਦਿੱਤੀ ਗਈ ਸੀ।

ਜਿਲ੍ਹਾ ਸੈਸ਼ਨ ਜੱਜ ਨੇ ਦੱਸਿਆ ਕਿ ਹੁਣ ਬੱਚਿਆਂ ਨਾਲ ਸਬੰਧਤ ਸਾਰੇ ਦਸਤਾਂਵੇਜਾਂ ਦੀ ਜਾਂਚ ਤੋਂ ਬਾਅਦ ਨਾਬਾਲਗ ਬੱਚਿਆਂ ਨੂੰ ਵਾਹਗਾ ਬਾਰਡਰ ਰਾਹੀਂ ਪਾਕਿਸਤਾਨ ਅਧਕਾਰੀਆਂ ਨੂੰ ਸੌਂਪ ਦਿੱਤਾ ਗਿਆ ਹੈ।

ਇਸ ਮੌਕੇ ਸ਼੍ਰੀ ਅਜੀਤ ਪਾਲ ਸਿੰਘ ਚੀਫ ਜੁਡੀਸ਼ੀਅਲ ਮੈਜਿਸਟਰੇਟ ਸਹਿਤ ਸਕੱਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੁਲਸ ਪ੍ਰਸ਼ਾਸਨ ਹਾਜਰ ਸਨ।

## ਮਿਲੇਨੀਅਮ ਸਕੂਲ ਵਿੱਚ ਮਨਾਇਆ 9ਵੇਂ ਗੁਰੂ ਜੀ ਦਾ ਪ੍ਰਕਾਸ਼ ਪੁਰਬ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 29 ਅਪ੍ਰੈਲ : ਅੱਜ ਇੰਟਰਨੈਸ਼ਨਲ ਮਿਲੇਨੀਅਮ ਸਕੂਲ ਵਿਖੇ ਨੋਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਮੌਕੇ ਸਰਵ ਕਲਿਆਣ ਸੰਸਥਾ ਦੇ ਮੈਂਬਰ ਹਰਮੰਦਰ ਸਿੰਘ ਨੇ ਬੱਚਿਆਂ ਨੂੰ ਗੁਰੂ ਤੇਗ ਬਹਾਦਰ




ਜੀ ਦੀ ਜੀਵਨੀ ਬਾਰੇ ਵਿਸਥਾਰ ਨਾਲ ਦੱਸਿਆ। ਉਨਾਂ ਬੱਚਿਆਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਅਤੇ ਉਨਾਂ ਨੂੰ ਸਹੀ ਮਾਰਗ ਅਤੇ ਚੰਗੀ ਸਿੱਖਿਆ ਦਿੱਤੀ। ਇਸ ਮੌਕੇ ਬੱਚਿਆਂ ਨੂੰ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਦੱਸਿਆ ਗਿਆ ਅਤੇ ਬੱਚਿਆਂ ਨੂੰ ਫਿਲਮ ਵੀ ਦਿਖਾਈ ਗਈ। ਇਸ ਫਿਲਮ ਰਾਹੀਂ ਹਰਮੰਦਰ ਸਿੰਘ ਨੇ ਬੱਚਿਆਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਬਾਰੇ ਦੱਸਿਆ। ਉਨਾਂ ਕਿਹਾ ਕਿ ਸਾਨੂੰ ਆਪਣੇ ਗੁਰੂਆਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਸਾਰਿਆਂ ਨੇ ਮਿਲ ਕੇ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ ਪੁਰਬ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਹੋਰਨਾ ਤੋਂ ਇਲਾਵਾ ਚੇਅਰਮੈਨ ਜਸਕਰਨ ਸਿੰਘ ਸਮੇਤ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਵੀ ਹਾਜਰ ਸਨ।

## ਡੀ.ਪੀ.ਆਰ.ਓ ਫ਼ਰੀਦਕੋਟ ਬਣੇ ਉਰਦੂ ਤਾਲੀਮ ਯਾਫਤਾ

### ਡਿਪਟੀ ਕਮਿਸ਼ਨਰ ਨੇ ਦਿੱਤੀਆਂ ਵਧਾਈਆਂ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫ਼ਰੀਦਕੋਟ 29 ਅਪ੍ਰੈਲ: ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਅੱਜ ਸਾਲ 2023-24 ਤਹਿਤ ਜ਼ਿਲ੍ਹਾ ਭਾਸ਼ਾ ਵਿਭਾਗ ਵਲੋਂ ਕਰਵਾਏ ਗਏ ਉਰਦੂ ਆਮੋਜ਼ ਪ੍ਰੀਖਿਆ ਪਾਸ ਕਰਨ ਤੇ ਡੀ.ਪੀ.ਆਰ.ਓ ਫ਼ਰੀਦਕੋਟ ਨੂੰ ਵਧਾਈ ਦਿੱਤੀ। ਡਿਪਟੀ ਕਮਿਸ਼ਨਰ ਨੇ ਇਸ ਭਾਸ਼ਾ ਸਬੰਧੀ ਪਾਸ ਕੀਤੇ ਗਏ ਸਰਟੀਫਿਕੇਟ ਨੂੰ ਜ਼ਿਲ੍ਹਾ ਭਾਸ਼ਾ ਅਫ਼ਸਰ ਸ. ਮਨਜੀਤਪੁਰੀ ਦੀ ਹਾਜ਼ਰੀ ਵਿੱਚ ਡੀ.ਪੀ.ਆਰ.ਓ. ਸ. ਗੁਰਦੀਪ ਸਿੰਘ ਮਾਨ ਨੂੰ ਸੌਂਪਿਆ।



ਇਸ ਮੌਕੇ ਤੇ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਡੀ.ਪੀ.ਆਰ.ਓ ਫ਼ਰੀਦਕੋਟ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਨਵੀ ਭਾਸ਼ਾ ਸਿੱਖਣ ਨਾਲ ਵਿਅਕਤੀ ਨੂੰ ਨਵੀ ਆਤਮਾ ਦੀ ਪ੍ਰਾਪਤੀ ਹੁੰਦੀ ਹੈ। ਉਹਨਾਂ ਕਿਹਾ ਕਿ ਸ. ਮਾਨ ਵੱਲੋਂ ਇਹ ਕੋਰਸ ਪਾਸ ਕਰਨਾ ਸਮੁੱਚੇ ਜ਼ਿਲੇ ਲਈ ਮਾਣ ਵਾਲੀ ਗੱਲ ਹੈ।

ਇਸ ਮੌਕੇ ਬੋਲਦਿਆਂ ਜ਼ਿਲ੍ਹਾ ਭਾਸ਼ਾ ਅਫਸਰ ਸ. ਮਨਜੀਤ ਪੁਰੀ ਨੇ ਦੱਸਿਆ ਕਿ ਸੈਸ਼ਨ ਦੇ ਸ਼ੁਰੂ ਵਿੱਚ ਇਸ ਕੋਰਸ ਦੌਰਾਨ ਲਗਭਗ 65 ਵਿਦਿਆਰਥੀਆਂ ਨੇ ਦਾਖਲਾ ਲਿਆ ਸੀ ਜਿਨਾਂ ਵਿੱਚੋਂ ਕਈ ਵਿਦਿਆਰਥੀ ਭਾਸ਼ਾ ਦੀ ਔਖਿਆਈ ਕਾਰਨ ਕੋਰਸ ਵਿਚਾਲੇ ਛੱਡ ਕੇ ਚਲੇ ਗਏ ਪਰ ਗੁਰਦੀਪ ਸਿੰਘ ਮਾਨ ਨੇ ਮਿਹਨਤ ਤੇ ਲੱਗਣ ਨਾਲ ਇਹ ਕੋਰਸ ਪਾਸ ਕੀਤਾ।

# ਕੀ ਇਕ ਵਿਧਵਾ ਨੂੰ ਜੀਣ ਦਾ ਅਧਿਕਾਰ ਨਹੀਂ ਹੈ।*

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਘਰੋਂ ਸਮਾਨ ਲੈਣ ਜਾਂਦੀ ਹੈ। ਰਸਤੇ ਵਿਚ ਜਾਣ ਕਾਰ ਜਾਣ ਬੁੱਝ ਕੇ ਰੋਕ ਕੇ ਸਤਿ ਸ੍ਰੀ ਆਕਾਲ ਬੋਲਦੇ ਹਨ। ਇਕ ਵਾਰੀ ਨਹੀਂ ਕਏ,ਈ ਵਾਰੀ ਉਹ ਖਿੱਚ ਜਾਂਦੀ ਹੈ।

ਫਿਰ ਉਸ ਨੂੰ ਰੋਕ ਕੇ ਪੁੱਛਦਾ ਹੈ ਕੀ ਹਾਲ ਹੈ। ਉਹ ਜਵਾਬ ਨਹੀਂ ਦਿੰਦੀ ਕਿਉਂਕਿ ਉਹ ਹਾਲੇ ਤਾਜ਼ੀ ਤਾਜ਼ੇ ਵਿਧਵਾਂ ਹੋਈ ਹੈ। ਉਹ ਡਰਦੀ ਹੈ ਕੋਈ ਉਸ ਤੇ ਉਂਗਲ ਨਾ ਚੁੱਕ ਦੇਵੇ।

ਵੈਸੇ ਤੇ ਉਹ ਆਪਣੇ ਆਦਮੀ ਦੇ ਜੀਂਦੇ ਜੀ ਬਹੁਤ ਹੀ ਦਲੇਰ ਔਰਤ ਸੀ।

ਹੁਣ ਪਤਾ ਨਹੀਂ ਕੀ ਹੋ ਗਿਆ ਹੈ। ਹਰ ਵਕਤ ਅੰਦਰੋਂ ਡਰੀ ਰਹਿੰਦੀ ਹੈ।

ਕੁਝ ਦਿਨ ਬਾਅਦ ਫਿਰ ਉਹ ਹੀ ਆਦਮੀ ਉਸ ਨੂੰ ਬਾਜ਼ਾਰ ਵਿਚ ਫਿਰ ਆਂਟੀ ਸਤਿ ਸ੍ਰੀ ਆਕਾਲ। ਬਾਰ ਬਾਰ ਬੋਲ ਰਿਹਾ ਸੀ। ਉਹ ਬੋਲੀ ਹਾਂ ਕੀ ਹੈ। ਉਹ ਬੋਲਿਆ ਸਤਿ ਸ੍ਰੀ ਆਕਾਲ ਉਹ ਬੋਲੀ ਹੋ ਗਈ

ਜਾ ਹੁਣ ਉਹ ਉਸ ਦੇ ਪਿੱਛੇ ਹੀ ਖੜਾ ਬੋਲਦਾ ਰਿਹਾ ਭਰਥਾ ਕਿਸ ਤਰ੍ਹਾਂ ਬਣਦਾ ਹੈ, ਰਾਜ ਮਾਂਹ ਕੋਈ ਸਬਜ਼ੀ ਹੋਵੇ ਜਿਹੜੇ ਨਹੀਂ ਪੁੱਛੀ ਉਹ ਵਿਚਾਰੀ ਡਰਦੀ ਕੁਝ ਨਾ ਬੋਲੀ ਆਖਿਰ ਉਸ ਦੇ ਪਿੱਛੇ ਹੀ ਖੜਾ ਰਿਹਾ।
ਫਿਰ ਉਹ ਔਰਤ ਗੁੱਸੇ ਵਿਚ ਬੋਲੀ ਤੂੰ ਤੰਦੂਰ ਵਿਚ ਬੈਠ ਜਾ ਭਰਥਾ ਬਣ ਜਾਏਗਾ

ਕਿਊਕੀ ਉਹ ਕਾਬਲੀ ਰੋਟੀ ਲੈਣ ਆਈ ਸੀ। ਦੁਕਾਨ ਵਾਲਾ ਵੀ ਬੋਲਿਆਂ ਚਲ ਆਗੇ ਕਿਉ ਪ੍ਰੈਸਾਨ ਕਰ ਰਿਹਾ ਹੈ। ਫਿਰ ਉਹ ਅੱਗੇ ਗਿਆ। ਉਹ ਔਰਤ ਦੀ ਮਾਰਕੀਟ ਵਿਚ ਪੂਰੀ ਇਜਤ ਹੈ। ਉਹ ਅੱਖਾਂ ਨੀਵੀਆਂ ਕਰ ਕੇ ਚਲਦੀ ਹੈ

ਹੁਣ ਤਾਂ ਘਰੋਂ ਵੀ ਬਾਹਰ ਘਟ ਹੀ ਨਿਕਲਦੀ ਹੈ। ਆਪਣੇ ਬੇਟੇ ਕੋਲੋਂ ਸਭ ਮੰਗਵਾ ਲਿਆ ਕਰਦੀ ਹੈ

ਕੀ ਅਗਰ ਔਰਤ ਵਿਧਵਾ ਹੋ ਜਾਏ । ਉਸ ਨੂੰ ਕਿਉ ਲੋਕੀਂ ਖਾਣ ਵਾਲੀ ਨਜ਼ਰ ਨਾਲ ਦੇਖਦੇ ਹਨ। ਵਿਧਵਾ ਜੇ ਅੱਛੇ ਕਪੜੇ ਪਾਕੇ ਘਰੋਂ ਬਾਹਰ ਨਿਕਲਦੀ ਹੈ। ਤਾਂ ਵੀ ਉਸ ਨੂੰ ਦੇਖਦੇ ਰਹਿੰਦੇ ਹਨ। ਉਸ ਦੇ ਬੱਚੇ ਉਸ ਨੂੰ ਹੱਲਾਸ਼ੇਰੀ ਦੇਂਦੇ ਹਨ। ਆਖਦੇ ਹਨ ਮੰਮੀ ਤਿਆਰ ਹੋ ਕੇ ਰਿਹਾ ਕਰ ਤੂੰ ਆਪਣੇ ਬੱਚੇ ਵਿਆਹ ਬੈਠੀ ਹਾਂ ਤੇਰੇ ਤੇ ਕੋਈ ਇਸੇ ਦਾ ਜੋਰ ਨਹੀਂ ਹੈ। ਤੇਰੀ ਜ਼ਿੰਦਗੀ ਤੇਰੀ ਹੈ। ਇਹ ਨਾ ਸੋਚੀ ਡੈਡੀ ਚਲੇ ਗਏ ਹਨ। ਅਸੀਂ ਸਾਰੇ ਹਾਂ। ਤੂੰ ਇਜ਼ਤਦਾਰ ਔਰਤ ਹੈ ਤੇਰੇ ਤੇ ਘਰ ਦਾ ਸਾਰਾ ਭਾਰ ਹੈ। ਕਿਸੇ ਦੀ ਪਰਵਾਹ ਨਾ ਕਰ ਤੂੰ ਖੁਦ ਜਿੰਦਾ ਦਿਲ ਹੈ ਤੂੰ ਸਾਨੂੰ ਡੈਡੀ ਦੇ ਜਾਣ ਤੋਂ ਬਾਅਦ ਹੌਸਲਾ ਦਿੱਤਾ ਹੈ। ਹੁਣ ਕਿਉ ਡੋਲ ਰਹੀ ਹੈ। ਕਮਜ਼ੋਰ ਨਾ ਬਣ।

ਉਸ ਔਰਤ ਦੇ ਬੱਚੇ ਉਸ ਨੂੰ ਹਵਾਈ ਜਹਾਜ਼ ਤੇ ਸੈਰ ਕਰਵਾਂਦੇ ਹਨ। ਇਨ੍ਹਾਂ ਲੋਕਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਮੇਰੀ ਸਲਾਹ ਹੈ ਆਪ ਹੁਸਿਆਰ ਹੋਣਾ ਪੈਣਾ ਹੈ। ਕੁੱਤੇ ਭੋਕਦੇ ਹਨ। ਭੌਂਕਦੇ ਰਹਿਣ ਹਾਥੀ ਮਸਤ ਚਲ ਚੱਲਦਾ ਹੈ

ਕੀ ਵਿਧਵਾ ਨੂੰ ਜੀਣ ਦਾ ਕੋਈ ਹੱਕ ਨਹੀਂ ਹੈ।

ਕਿਉਂਕੀ ਮੈਂ ਵੀ ਇਟ ਵਿਧਵਾ ਹਾਂ। ਹੋ ਸਕਦਾ ਹੈ ਇਹ ਮੇਰੀ ਹੀ ਹੱਡ ਬੀਤੀ ਹੋਵੇ

# ਯਾਦ ਮੇਰੀ ਦਾ ਪੱਲਾ




ਔਖਾ ਸੌਖਾ ਕੱਟ ਲਵਾਂਗਾ ਰਹਿ ਕੇ ਕੱਲਮ-ਕੱਲਾ
ਪਰ ਤੈਥੋਂ ਵੀ ਛੱਡ ਨ੍ਹੀ ਹੋਣਾ ਯਾਦ ਮੇਰੀ ਦਾ ਪੱਲਾ।

ਇੱਧਰੋਂ ਪੁੱਟ ਕੇ ਉੱਧਰ ਕਿਧਰੇ ਲਾ ਲੈਣਾ ਏ ਮਨ ਨੂੰ,
ਝੋਰੇ ਨੂੰ ਕੁਦਰਤ ਦਾ ਕੋਈ ਤੋਹਫ਼ਾ ਸਮਝ ਅਵੱਲਾ।

ਬਿੰਦ ਝੱਟ ਮਗਰੋਂ ਸਿੱਲ੍ਹੀਆਂ ਹੋਣ ਦੀਆਂ ਆਦੀ ਹੋਈਆਂ ਅੱਖੀਆਂ,
ਸ਼ਾਂਤ ਕਰਦੀਆਂ ਰਹਿਣਗੀਆਂ ਜੋ ਅੰਦਰ ਮਚਦਾ ਹੱਲਾ।

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

ਵੱਖਰਾ ਆਪਣਾ ਮਜਾ ਹੁੰਦਾ ਏ ਇੱਦਾਂ ਦੀ ਤੜਪ ਦਾ,
ਵਿੱਚ ਵਿਚਾਲ਼ਾ ਜਿਹਾ ਮੰਜ਼ਰ ਨਾ ਦੁਖੀਆ ਨਾਹੀਂ ਸੁਖੱਲਾ।

ਡੂੰਘੀਆਂ ਸਮਝਾਂ ਦੇ ਵਿੱਚ ਅਕਸਰ ਬੀਤ ਗਿਆਂ ਹੀ ਆਉਂਦਾ,
ਬਿਰਹਾ ਦਾ ਤੜਫਾਇਆ ਫੱਕਰ ਫਿਰੇ ਹੋਇਆ ਜੋ ਝੱਲਾ।

ਬਹੁਤਿਆਂ ਸਿਆਣਿਆਂ ਦੀ ਸੰਗਤ ਵਿੱਚ ਹੋਵਣ ਜਦੋਂ ਅਕੇਵੇਂ,
ਅਕਸਰ ਚੇਤੇ ਆ ਹੀ ਜਾਂਦਾ ਇੱਕ ਅੱਧ ਝੱਲ-ਵਲੱਲਾ।

ਬੇਸ਼ੱਕ ਨਾ ਚਾਹੁੰਦੇ ਵੀ ਰਹਿਣੀ ਇਸ਼ਕ ਇਬਾਦਤ ਜਾਰੀ,
ਪਿੰਡ ਘੜਾਮੇਂ ਵਿਖੇ ਵਿਛਾ ਕੇ ਯਾਦਾਂ ਵਾਲ਼ਾ ਮੁਸੱਲਾ।

ਔਖਾ ਸੌਖਾ ਕੱਟ ਲਵਾਂਗਾ ਰਹਿ ਕੇ ਕੱਲਮ-ਕੱਲਾ
ਪਰ ਤੈਥੋਂ ਵੀ ਛੱਡ ਨ੍ਹੀ ਹੋਣਾ ਯਾਦ ਮੇਰੀ ਦਾ ਪੱਲਾ।

# ਅੱਖਾਂ ਤੋਂ ਪਰੇ / ਮਿੰਨੀ ਕਹਾਣੀ



ਜਦੋਂ ਪਰਮਜੀਤ ਦੀ ਭੂਆ ਸਬਜ਼ੀ ਦੀ ਦੁਕਾਨ ਤੋਂ ਸਬਜ਼ੀ ਲੈਣ ਲੱਗੀ, ਤਾਂ ਉੱਥੇ ਉਸ ਨੂੰ ਸਬਜ਼ੀ ਵੇਚਣ ਵਾਲਾ ਜਿੰਦਰ ਆਖਣ ਲੱਗਾ," ਚਾਚੀ ਜੀ ਅੱਜ ਬਾਰ੍ਹਵੀਂ ਜਮਾਤ ਦਾ ਨਤੀਜਾ ਆ ਗਿਆ ਆ। ਤੁਹਾਡੀ ਪਰਮਜੀਤ ਨੇ ਵੀ ਬਾਰ੍ਹਵੀਂ ਦੇ ਪੇਪਰ ਪਾਏ ਹੋਏ ਆ। ਨਤੀਜੇ ਦਾ ਮੋਬਾਈਲ ਫ਼ੋਨ ਤੋਂ ਪਤਾ ਲੱਗ ਸਕਦਾ ਆ। ਉਹ ਮੇਰੇ ਕੋਲ ਰੋਲ ਨੰਬਰ ਲੈ ਕੇ ਆ ਜਾਵੇ, ਮੈਂ ਉਸ ਦਾ ਨਤੀਜਾ ਮੋਬਾਈਲ ਫ਼ੋਨ ਤੋਂ ਦੇਖ ਕੇ ਦੱਸ ਦਿਆਂਗਾ।"

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਘਰ ਆ ਕੇ ਪਰਮਜੀਤ ਦੀ ਭੂਆ ਨੇ ਉਸ ਨੂੰ ਇਹ ਗੱਲ ਦੱਸੀ। ਪਰਮਜੀਤ ਨੇ ਛੇਤੀ ਨਾਲ ਸਬਜ਼ੀ ਵੇਚਣ ਵਾਲੇ ਜਿੰਦਰ ਕੋਲ ਜਾ ਕੇ ਆਪਣਾ ਰੋਲ ਨੰਬਰ ਦੱਸਿਆ। ਜਿੰਦਰ ਨੇ ਤਿੰਨ ਕੁ ਮਿੰਟਾਂ ਵਿੱਚ ਉਸ ਨੂੰ ਉਸ ਦਾ ਨਤੀਜਾ ਦੱਸ ਦਿੱਤਾ। ਉਸ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ ,ਜਦੋਂ ਜਿੰਦਰ ਨੇ ਦੱਸਿਆ ਕਿ ਉਸ ਦੇ 82.5 ਪ੍ਰਤੀਸ਼ਤ ਨੰਬਰ ਆਏ ਹਨ। ਉਹ ਖ਼ੁਸ਼ੀ, ਖ਼ੁਸ਼ੀ ਘਰ ਪਹੁੰਚ ਗਈ।

ਘਰ ਪਹੁੰਚ ਕੇ ਉਸ ਨੇ ਭੂਆ, ਫੁੱਫੜ ਨੂੰ ਆਪਣੇ ਨਤੀਜੇ ਬਾਰੇ ਦੱਸਿਆ ਤੇ ਨਾਲ ਹੀ ਡਰਦੀ, ਡਰਦੀ ਨੇ ਇਹ ਵੀ ਆਖ ਦਿੱਤਾ ਕਿ ਉਹ ਅੱਗੇ ਕਾਲਜ ਵਿੱਚ ਪੜ੍ਹਨਾ ਚਾਹੁੰਦੀ ਹੈ।

" ਦੇਖ ਧੀਏ, ਤੇਰੀ ਮਾਂ ਤੇਰੇ ਬਚਪਨ 'ਚ ਹੀ ਇਸ ਜਹਾਨ ਨੂੰ ਛੱਡ ਗਈ ਸੀ। ਤੇਰੇ ਪਿਉ ਨੂੰ ਤੇਰੀ ਕੋਈ ਪ੍ਰਵਾਹ ਹੀ ਨਹੀਂ। ਉਸ ਨੇ ਕਦੇ ਆ ਕੇ ਤੈਨੂੰ ਦੇਖਿਆ ਵੀ ਨਹੀਂ। ਅਸੀਂ ਵੀ ਤੈਨੂੰ ਅੱਗੇ ਪੜ੍ਹਾਣਾ ਚਾਹੁੰਦੇ ਆਂ।ਅਸੀਂ ਤੈਨੂੰ ਪੁੱਤਾਂ ਵਾਂਗ ਪਾਲਿਆ ਆ ਤੇ ਅਸੀਂ ਤੈਨੂੰ ਕਦੇ ਵੀ ਆਪਣੀਆਂ ਅੱਖਾਂ ਤੋਂ ਪਰੇ ਨਹੀਂ ਹੋਣ ਦਿੱਤਾ। ਇਸ ਕਰਕੇ ਦਿਲ ਬਹੁਤ ਡਰਦਾ ਆ। ਅੱਜ ਕੱਲ੍ਹ ਜ਼ਮਾਨਾ ਬੜਾ ਭੈੜਾ ਆ ਗਿਆ ਆ। ਲੋਕ ਕਿਸੇ ਦੀ ਧੀ ਨੂੰ ਆਪਣੀ ਧੀ ਹੀ ਨਹੀਂ ਸਮਝਦੇ।"

" ਫੁੱਫੜ ਜੀ, ਮੈਨੂੰ ਤੁਹਾਡੀ ਚਿੱਟੀ ਪੱਗ ਦਾ ਪੂਰਾ ਖ਼ਿਆਲ ਆ। ਤੁਹਾਡੀ ਧੀ ਇਸ ਨੂੰ ਕਿਸੇ ਵੀ ਹਾਲਤ ਵਿੱਚ ਦਾਗ ਨਹੀਂ ਲੱਗਣ ਦੇਵੇਗੀ। ਆਪਣੀ ਧੀ ਤੇ ਭਰੋਸਾ ਰੱਖੋ।"ਇਹ ਸੁਣ ਕੇ ਪਰਮਜੀਤ ਦੇ ਫੁੱਫੜ ਨੇ ਆਖਿਆ," ਠੀਕ ਆ ਧੀਏ, ਸਾਨੂੰ ਤੇਰੇ ਤੋਂ ਇਹੀ ਆਸ ਸੀ। ਤੂੰ ਜਿੰਨਾ ਮਰਜ਼ੀ ਪੜ੍ਹ ਲੈ, ਅਸੀਂ ਤੇਰੇ ਨਾਲ ਆਂ।"

# ਫਲੈਟਾਂ 'ਚ ਰਹਿੰਦੇ ਬੰਦਿਆਂ ਦੀ ਦਾਸਤਾਨ

## ਮੁੰਬਈ ਸ਼ਹਿਰ ਦੀ ਜ਼ਿੰਦਗੀ ਤੇ ਅਧਾਰਿਤ



ਵਰਲਡ ਪੰਜਾਬੀ ਟਾਈਮਜ਼
ਮੰਗਤ ਗਰਗ

ਮਹਾਂਨਗਰਾਂ 'ਚ ਵਸਦੀ ਭੀੜ ਵਿਚ ਭਾਵੇਂ ਬੰਦਾ ਚਾਰੇ ਪਾਸਿਉਂ ਹਰ ਵਕਤ ਘਿਰਿਆ ਰਹਿੰਦਾ ਹੈ ਪਰ ਅੰਦਰੋਂ ਅੰਦਰ ਉਹ ਹਮੇਸ਼ਾ ਆਪਣੇ ਆਪ ਨੂੰ ਇਕੱਲਾ ਹੀ ਮਹਿਸੂਸ ਕਰਦਾ ਹੈ। ਮਹਾਂਨਗਰ 'ਚ ਰਹਿੰਦੇ ਲੋਕਾਂ ਨੂੰ ਕਦੀ ਵੀ ਕਿਸੇ ਕੋਲ ਬੈਠ ਕੇ ਆਪਣੇ ਦੁਖ ਸਾਂਝੇ ਕਰਨ ਦੀ ਵੇਹਲ ਹੀ ਨਹੀਂ ਹੁੰਦੀ। ਪਰ ਫਿਰ ਵੀ ਕੁਝ ਸੰਵੇਦਨਸ਼ੀਲ ਵਿਅਕਤੀ, ਜੋ ਆਪ ਅੰਦਰੋਂ ਦੁਖੀ ਹੋ ਕੇ ਟੁੱਟੇ ਹੋਏ ਲੱਗਦੇ ਹਨ ਉਨ੍ਹਾਂ ਦਾ ਕਿਸੇ ਵੀ ਹੋਰ ਦੁਖੀ ਬੰਦੇ ਨੂੰ ਵੇਖਕੇ ਦਿਲ ਪਸੀਜ ਜਾਂਦਾ ਹੈ। ਆਪਣੀ ਇਸ ਕਮਜ਼ੋਰੀ ਕਰਕੇ ਅਨਜਾਣ ਲੋਕਾਂ ਨੂੰ ਵੀ ਆਪਣਾ ਸਮਝਣ ਲਗ ਪੈਂਦੇ ਹਨ। ਵੱਡੇ ਸ਼ਹਿਰਾਂ ਦੀਆਂ ਵੱਡੀਆਂ ਗੱਲਾਂ ਹੀ ਹੁੰਦੀਆਂ ਹਨ।
ਬਾਬਾ ਨਾਨਕ ਨੇ ਠੀਕ ਹੀ ਕਿਹਾ ਸੀ ' ਦੇਖ ਮਰਦਾਨਿਆ ਰੰਗ ਕਰਤਾਰ ਦੇ '।
ਮਹਾਂਨਗਰਾਂ 'ਚ ਰਹਿੰਦਿਆਂ – ਰਹਿੰਦਿਆਂ ਮੇਰੇ ਵੇਖਣ ' ਚ ਇਹ ਵੀ ਆਇਆ ਹੈ ਕਿ ਕਈ ਲੋਕੀ ਜਦੋਂ ਕਦੀ ਸਾਡੇ ਬਹੁਤ ਨੇੜੇ ਹੁੰਦੇ ਸਨ, ਉਹ ਵੀ ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ 'ਚ ਸਵੈਂ -ਕੇਂਦਰਿਤ ਹੋ ਕੇ ਰਹਿ ਜਾਂਦੇ ਹਨ। ਸਮੇਂ ਦੀ ਧੂੜ 'ਚ ਪੂਰੀ ਤਰ੍ਹਾਂ ਦੱਬੀ ਰਹਿ ਜਾਂਦੀ ਹੈ। ਸਾਡੇ ਕੋਲ ਏਨੀ ਵਿਹਲ ਹੀ ਨਹੀਂ ਹੁੰਦੀ ਕਿ ਅਸੀਂ ਰਿਸ਼ਤੇ ਨਿਭਾਣ ਵੱਲ ਹੀ ਧਿਆਨ ਦੇਈਏ। ਆਪਸੀ ਦੂਰੀਆਂ ਕੁਝ ਇਸ ਤਰ੍ਹਾਂ ਵੱਧ ਜਾਂਦੀਆਂ ਹਨ ਕਿ ਅਸੀਂ ਜਿਨ੍ਹਾਂ ਤੇ ਕਦੀ ਜਿੰਦ ਜਾਨ ਵਾਰਣ ਲਈ ਤਿਆਰ ਰਹਿੰਦੇ ਹਾਂ, ਵਕਤ ਪਾ ਕੇ ਅਸੀਂ ਉਨ੍ਹਾਂ ਦੀ ਅੰਤਿਮ ਅਰਦਾਸ 'ਚ ਸ਼ਾਮਲ ਹੋਣ ਤੋਂ ਵੀ ਗੁਰੇਜ਼ ਕਰਦੇ ਹਾਂ। ਤਾੜੀ ਦੋ ਹੱਥਾਂ ਨਾਲ ਵਜਦੀ ਹੈ। ਮਹਾਂਨਗਰ 'ਚ ਰਹਿੰਦਿਆਂ ਲੋਕੀਂ ਤਾੜੀ ਵਜਾਣਾ ਭੁੱਲ ਜਾਂਦੇ ਹਨ। ਕੀ ਲੋੜ ਹੈ ਬੇਵਜ੍ਹਾ ਮੋਬਾਇਲ 'ਤੇ ਗੱਲਬਾਤ ਤੇ ਵਕਤ ਜ਼ਾਇਆ ਕਰਨ ਦੀ?
ਮਹਾਂਨਗਰਾਂ 'ਚ ਰਹਿਣ ਵਾਲੇ ਲੋਕਾਂ ਦੀ ਜ਼ਿੰਦਗੀ ਦੀ ਇਕ ਬਹੁਤ ਵੱਡੀ ਖਸਲਤ ਇਹ ਵੀ ਹੈ ਕਿ ਮਹਾਂਨਗਰ 'ਚ ਰਹਿੰਦਿਆਂ ਹੋਇਆਂ ਉਹ ਗੁਮਨਾਮ ਹੋ ਕੇ ਵੀ ਬੜੀ ਸ਼ਾਨ ਨਾਲ ਜੀਅ ਸਕਦੇ ਹਨ। ਉਹ ਬਿਲਡਿੰਗ 'ਚ ਰਹਿ ਕੇ ਵੀ ਬੜੀ ਸ਼ਾਨ ਨਾਲ ਜੀਅ ਸਕਦੇ ਹਨ। ਉਹ ਆਪਣੀ ਬਿਲਡਿੰਗ 'ਚ ਰਹਿ ਕੇ ਵੀ ਉਹ ਆਪਣੇ ਆਂਢੀਆਂ – ਗਵਾਂਢੀਆਂ ਨਾਲੋਂ ਪੂਰੀ ਤਰ੍ਹਾਂ ਕੱਟ ਕੇ ਵੀ ਰਹਿ ਸਕਦੇ ਹਨ। ਉਨ੍ਹਾਂ ਦੇ ਫਲੈਟਾਂ ਦੇ ਬੂਹੇ ਹਮੇਸ਼ਾ ਹੀ ਬੰਦ ਹੀ ਰਹਿੰਦੇ ਹਨ। ਨਾ ਕੋਈ ਤਹਾਨੂੰ ਡਿਜਟਰਬ ਕਰ ਸਕਦਾ ਹੈ ਤੇ ਨਾ ਹੀ ਤੁਹਾਨੂੰ ਇਸ ਗੱਲ ਦੀ ਖੁੱਲ੍ਹ ਹੈ ਕਿ ਤੁਸੀਂ ਗਵਾਂਢੀ ਦੇ ਫਲੈਟ ਦੀ ਘੰਟੀ ਵਜਾ ਕੇ ਉਸ ਦੇ ਘਰ ਚਲੇ ਜਾਉ। ਹਰ ਇਕ ਦੀ ਜ਼ਿੰਦਗੀ ਭੇਤ ਭਰੀ ਹੀ ਬਣੀ ਰਹਿੰਦੀ ਹੈ। ਨਾ ਤਾਂ ਕੋਈ ਤੁਹਾਡੀ ਜ਼ਿੰਦਗੀ 'ਚ ਦਖਲਅੰਦਾਜ਼ੀ ਨੂੰ ਕੋਈ ਵੀ ਬਰਦਾਸ਼ਤ ਕਰਦਾ ਹੈ। ਜਦੋਂ ਤੁਸੀਂ ਘਰੋਂ ਨਿਕਲ ਕੇ ਸੜਕ ਤੇ ਚਲਣ ਲੱਗ ਪੈਂਦੇ ਹੋ ਤੁਸੀਂ ਏਧਰ ਉਧਰ ਭੱਜਦੀ ਭੀੜ ਦਾ ਇਕ ਗੁੰਮਨਾਮ ਹਿੱਸਾ ਬਣ ਜਾਂਦੇ ਹੋ। ਤੁਹਾਡਾ ਚਿਹਰਾ ਜਾਂ ਮਖੌਟਾ ਕਿਹਾ ਜਿਹਾ ਵੀ ਹੋਵੇ। ਤੁਹਾਡਾ ਕੀ ਨਾਂ ਹੈ? ਤੁਸੀਂ ਕੀ ਕਰਦੇ ਹੋ ? ਇਸ ਬਾਰੇ ਕੁਝ ਵੀ ਜਾਣਨ ਦੀ ਕਿਸੇ ਕੋਲ ਥੋੜੀ ਜਿਹੀ ਵੀ ਵੇਹਲ ਨਹੀਂ ਹੁੰਦੀ। ਵੰਨ – ਸੁਵੰਨੇ ਚਿਹਰਿਆਂ ਦੀ ਇਸ ਭੀੜ ਵਿਚ ਗੁੰਮਨਾਮ ਬਣ ਕੇ ਵਿਚਰਦੇ ਰਹਿਣਾ ਵੀ ਮਹਾਂਨਗਰ ਦੇ ਜੀਵਨ ਦਾ ਇਕ ਅਹਿਮ ਹਿੱਸਾ ਬਣ ਜਾਂਦਾ ਹੈ।
ਇਸ ਮਹਾਂਨਗਰ 'ਚ ਇਕੋ ਹੀ ਬਿਲਡਿੰਗ ਵਿਚ ਵਿਚ ਨਾਲੋਂ- ਨਾਲ ਰਹਿਣ ਵਾਲੇ ਗਵਾਂਢੀ ਸਾਲਾਂ ਬੱਧੀ ਨੇੜੇ ਰਹਿੰਦੇ ਹੋਏ ਵੀ ਆਪੋ ਆਪਣੇ ਸਿੱਪੀ 'ਚ ਕੈਦ ਰਹਿੰਦੇ ਹਨ। ਗਵਾਂਢੀਆਂ ਦੀ ਤਾਂ ਗੱਲ ਛੱਡੋ। ਮਾਂ ਪਿਉ ਦਾ ਇਕੋ ਇਕ ਪੁੱਤਰ ਡਾਕਟਰ ਬਣ ਕੇ ਬਦੇਸ਼ ਚਲਾ ਜਾਂਦਾ ਹੈ ਤੇ ਡਾਕਟਰ ਆਪਣੀ ਪਾਗਲ ਮਾਂ ਦਾ ਇਲਾਜ ਪੂਨਾ ਦੇ ਪਾਗਲਖਾਨੇ 'ਚ ਰਖ ਕੇ ਕਰਵਾ ਰਿਹਾ ਹੈ। ਬਿਲ ਤਾਰਨਾ ਉਸਦਾ ਪਤੀ ਆਪਣਾ ਕਰਤਵ ਸਮਝਦਾ ਹੈ। ਮਹਾਂਨਗਰ ਦੀ ਜ਼ਿੰਦਗੀ 'ਚ ਪਰਿਵਾਰਕ ਸਾਂਝ, ਆਪਸੀ ਪਿਆਰ ਤੇ ਮਹੁੱਬਤ ਦੀ ਘਾਟ ਸਾਡੀ ਇਸ ਪੀੜ੍ਹੀ ਦੇ ਸਾਹਮਣੇ ਬੜੀ ਤੀਬਰਤਾ ਨਾਲ ਉਭਰ ਕੇ ਆ ਰਹੀ ਹੈ। ਪਰਿਵਾਰਕ ਕਦਰਾਂ -ਕੀਮਤਾਂ ਦਾ ਘਾਣ ਹੋ ਰਿਹਾ ਹੈ। ਅੱਜ ਹਰ ਕੋਈ ਆਪੋ ਆਪਣੀ ਜ਼ਿੰਦਗੀ ਜਿਉਣਾ ਚਾਹੁੰਦਾ ਹੈ। ਦੂਜਾ ਭਾਵੇਂ ਮਰੇ, ਭਾਵੇਂ ਜੀਵੇ ਸੁਥਰਾ ਘੋਲ ਪਤਾਸੇ ਪੀਵੇ।
ਮਹਾਂਨਗਰਾਂ 'ਚ ਰਹਿੰਦੇ ਸਾਰੇ ਇਨਸਾਨਾਂ ਵਿਚ ਕੁਝ ਅਜਿਹੇ ਵੱਖਰੇ ਲੋਕੀਂ ਵੀ ਹੁੰਦੇ ਹਨ ਜੋ ਆਪਣੇ ਦੋਸਤਾਂ ਮਿੱਤਰਾਂ ਦੀ ਹਰ ਤਰ੍ਹਾਂ ਮਦਦ ਕਰਨ ਲਈ ਤਿਆਰ -ਬਰ ਤਿਆਰ ਰਹਿੰਦੇ ਹਨ। ਉਨ੍ਹਾਂ ਵਿਚ ਮੋਹਨ ਬੱਗੜ, ਹਰਜੀਤ ਵਾਲੀਆ , ਇਕਬਾਲ ਸਿੰਘ ਚਾਨਾ , ਸੁਖਮਿੰਦਰ ਧੰਜਲ ਵਰਗੇ ਅਜਿਹੇ ਨੇਕ ਪੁਰਸ਼ਾਂ ਦੀ ਮੌਜੂਦਗੀ ਸਾਨੂੰ ਵੀ ਲੋੜਵੰਦਾਂ ਦੀ ਮਦਦ ਕਰਨ ਲਈ ਪ੍ਰੇਰਿਤ ਕਰਦੀ ਰਹਿੰਦੀ ਹੈ।
ਮੁੰਬਈ ਰਹਿੰਦੇ ਮੇਰੇ ਇਕ ਪਰਮ ਮਿੱਤਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਮੰਗਤ ਜਦੋਂ ਅਸੀਂ ਵਰਸੋਵਾ ਆਪਣੀ ਬਿਲਡਿੰਗ 'ਚ ਰਹਿਣ ਆਏ ਤਾਂ ਸਮਾਂ ਪਾ ਕੇ ਭਾਵੇਂ ਅਸੀਂ ਇਸ ਨਵੇਂ ਵਾਤਾਵਰਨ 'ਚ ਕਮਲ ਦੇ ਫੁੱਲ ਵਾਂਗ ਸਮਾ ਗਏ ਪਰ ਜਿਵੇਂ ਵਕਤ ਬੀਤਦਾ ਗਿਆ। ਸਾਨੂੰ ਇਹ ਅਹਿਸਾਸ ਹੋਣ ਲਗ ਪਿਆ ਕਿ ਇਹ ਬਿਲਡਿੰਗ ਨਹੀਂ ਕਬਰਿਸਤਾਨ ਹੈ। ਕਬਰਿਸਤਾਨ ਇਸ ਲਈ ਕਿਉਂਕਿ ਇਸ ਮਹਾਂਨਗਰ 'ਚ ਰਹਿੰਦਿਆਂ ਰਹਿੰਦਿਆਂ ਹਰ ਪਰਿਵਾਰ ਹੀ ਨਹੀਂ ਹਰ ਵਿਅਕਤੀ ਹੀ ਹਮੇਸ਼ਾ ਸਵੈਂ -ਕੇਂਦਰਿਤ ਹੀ ਰਹਿੰਦਾ ਹੈ। ਕੋਈ ਵੀ ਕਿਸੇ ਹੋਰ ਨਾਲ ਬਹੁਤਾ ਤਾਲ-ਮੇਲ ਰੱਖ ਕੇ ਰਾਜ਼ੀ ਨਹੀਂ ਹੁੰਦਾ। ਫਲੈਟਾਂ 'ਚ ਰਹਿਣ ਵਾਲੇ ਵਿਅਕਤੀ ਜਦੋਂ ਆਹਮਣੇ ਸਾਹਮਣੇ ਹੁੰਦੇ ਹਨ ਤਾਂ ਕੀ ਮਜ਼ਾਲ ਕਿ ਇਕ ਦੂਜੇ ਨੂੰ ਵੇਖ ਕੇ ਉਹ ਮੁਸਕਾਣ ਦੀ ਕੋਸ਼ਿਸ਼ ਵੀ ਕਰਨ। ਕਈ ਵਾਰ ਮੈਨੂੰ ਲੱਗਦਾ ਹੈ ਕਿ ਇਸ ਬਿਲਡਿੰਗ ਵਿਚ ਰਹਿਣ ਵਾਲੇ ਸਭ ਲੋਕ ਚਲਦੀਆਂ – ਫਿਰਦੀਆਂ ਲਾਸ਼ਾਂ ਜਾਂ ਉਹ ਮੁਰਦੇ ਹਨ, ਜੋ ਮਰ ਕੇ ਵੀ ਸਾਹ ਲੈਂਦੇ ਰਹਿੰਦੇ ਹਨ।
ਵੈਸੇ ਤਾਂ ਮਹਾਂਨਗਰ 'ਚ ਕੁਝ ਲੋਕ ਉਹ ਵੀ ਹੁੰਦੇ ਹਨ, ਜਿਨ੍ਹਾਂ ਕੋਲ ਆਪਣੀ ਤੇਜ਼ ਰਫ਼ਤਾਰ ਜ਼ਿੰਦਗੀ 'ਤੇ ਇਕ ਝਾਤ ਮਾਰਨ ਦੀ ਵੀ ਵੇਹਲ ਨਹੀਂ ਹੁੰਦੀ। ਅਜੇਹੇ ਲੋਕ ਸ਼ੇਰ ਦੀ ਸਵਾਰੀ ਕਰਦੇ ਨਜ਼ਰੀਂ ਪੈਂਦੇ ਹਨ। ਉਨ੍ਹਾਂ ਨੂੰ ਇਹ ਡਰ ਖਾਣ ਲਗ ਪੈਂਦਾ ਹੈ ਕਿ ਜੇ ਉਹ ਇਸ ਸ਼ੇਰ ਦੀ ਪਿੱਠ ਤੋਂ ਡਿਗ ਪੈਣਗੇ ਤਾਂ ਸ਼ੇਰ ਉਨ੍ਹਾਂ ਨੂੰ ਖਾ ਜਾਵੇਗਾ। ਬੱਸ ਇਸ ਡਰ ਨਾਲ ਹੀ ਉਹ ਦੋੜਦੇ ਸ਼ੇਰ ਦੀ ਪਿੱਠ ਪਕੜ ਕੇ ਅੱਗੇ ਹੀ ਅੱਗੇ ਵਧਦੇ ਜਾਂਦੇ ਹਨ। ਮਹਾਂਨਗਰ 'ਚ ਰਹਿੰਦਿਆਂ – ਰਹਿੰਦਿਆਂ ਬੰਦੇ ਦੇ ਆਪਣੇ ਵੱਸ ਵਿਚ ਕੁਝ ਵੀ ਤਾਂ ਨਹੀਂ ਰਹਿੰਦਾ। " ਬੰਦੇ ਖੋਜੁ ਦਿਲ ਹਰ ਰੋਜ" ਦਾ ਨੁਸਖ਼ਾ ਕੋਲ ਹੁੰਦਿਆਂ ਵੀ ਲਾਚਾਰ ਬਣਿਆ ਰਹਿੰਦਾ ਹੈ।

# ਆਫ਼ਤਾਬ ਦੀ ਲਾਲੀ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਹੱਥ ਤੇ ਹੱਥ ਧਰੀ ਬੈਠਾਂਗੇ,
ਆ ਜਾਣੀ ਕੰਗਾਲੀ।

ਰੰਗ-ਬਿਰੰਗੇ ਫੁੱਲ ਖਿੜੇ ਨੇ,
ਮਿਹਨਤਕਸ਼ ਹੈ ਮਾਲੀ।

ਨਾਲ਼ ਸਿਆਣਪ ਸੰਵਰ ਜਾਵਾਂਗੇ,
ਬਿਨ ਅਕਲੋਂ ਖੂਹ ਖਾਲੀ।

ਹਾਲ ਅਸਾਡਾ ਹਰ ਕੋਈ ਜਾਣੇ,
ਕੀ ਪੱਤਾ, ਕੀ ਡਾਲੀ।

ਬਾਲੂ-ਰੇਤ ਦੇ ਘਰ ਨਹੀਂ ਬਣਦੇ,
ਮਤੇ ਨਾ ਪੱਕਣ ਖਿਆਲੀ।

ਬਿਨਾਂ ਮੇਲ ਤੋਂ ਨਿਭੇ ਕਦੇ ਨਾ,
ਕਦੇ ਕੋਈ ਭਾਈਵਾਲੀ।

ਛੱਜੂ ਦੇ ਚੌਬਾਰੇ ਸਾਹਵੇਂ,
ਟਿਕ ਨਾ ਸਕੇ ਮਨਾਲੀ।

ਰੌਸ਼ਨੀਆਂ ਦਾ ਮੰਜ਼ਰ ਦਿੱਸਦਾ,
ਜਾਪੇ ਜਿਵੇਂ ਦੀਵਾਲੀ।

ਚਾਰੇ ਪਾਸੇ ਚਮਕ ਰਹੀ ਹੈ,
ਆਫ਼ਤਾਬ ਦੀ ਲਾਲੀ।

ਸਭ ਥਾਂ ਖੇੜਾ, ਖੁਸ਼ੀਆਂ ਭਰਿਆ,
ਹਰ ਥਾਂ ਤੇ ਹਰਿਆਲੀ।

ਮਿਹਨਤ ਇੱਕ ਦਿਨ ਅਸਰ ਵਿਖਾਊ,
ਛਾ ਜਾਣੀ ਖੁਸ਼ਹਾਲੀ।